**ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ. ਏ. ਐੱਸ ਨਗਰ**

**ਨੋਟਿਸ**

**ਡਰਾਫਟ ਸੀਨੀਆਰਤਾ ਸੂਚੀਆਂ ਬਾਬਤ**

**ਮਿਤੀ 10.01.2024**

1.0 ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਦੇ ਸਬੰਧ ਵਿੱਚ ਮਿਤੀ 15.02.2023 ਤੱਕ ਦੇ ਅਧਿਆਪਕ/ਅਧਿਕਾਰੀ/ਰਿਟਾਇਰੀ ਦੇ ਵੇਰਵਿਆਂ ਨੂੰ ਸਮਲਿਤ ਕਰਦੇ ਹੋਏ ਡਰਾਫਟ ਸੀਨੀਆਰਤਾ ਸੂਚੀਆਂ ਭਾਗ-1 ਤੋਂ 5 ਤੱਕ ਦੀ ਵੈਬਸਾਈਟ ਤੇ www.ssapunjab.org ਤੇ ਅਪਲੋਡ ਕਰ ਦਿੱਤੀਆਂ ਗਈਆਂ ਹਨ, ਅਤੇ ਵੱਖ ਵੱਖ ਨੋਟਿਸਾਂ ਰਾਹੀਂ ਸਬੰਧਤਾਂ ਤੋਂ ਉਨ੍ਹਾਂ ਦੇ ਸੀਨੀਆਰਤਾ ਦੇ ਸਬੰਧ ਵਿੱਚ ਇਤਰਾਜ ਵੀ ਪ੍ਰਾਪਤ ਹੋ ਰਹੇ ਹਨ।

2.0 ਮਾਸਟਰ ਕਾਡਰ ਦੀ ਡਰਾਫਟ ਸੀਨੀਆਰਤਾ ਸੂਚੀ ਵਿੱਚ ਉਨ੍ਹਾਂ ਅਧਿਆਪਕ/ਅਧਿਕਾਰੀ/ਰਿਟਾਇਰੀ ਦੇ ਵੇਰਵਿਆਂ ਨੂੰ ਵੀ ਸਮਲਿਤ ਕੀਤਾ ਗਿਆ ਹੈ ਜਿਨ੍ਹਾਂ ਨੂੰ ਵਿਭਾਗ ਵੱਲੋਂ ਵੱਖ ਵੱਖ ਸਮੇਂ ਦੌਰਾਨ Primary Cadre/Non-Teaching Cadre/ OCT Cadre ਤੋਂ ਬਤੌਰ ਮਾਸਟਰ ਪੱਦ ਉਨਤ ਕੀਤਾ ਗਿਆ ਸੀ। ਇਨ੍ਹਾਂ ਸਬੰਧਤ ਪਦਉਨਤ ਮਾਸਟਰ ਕਾਡਰ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਨ੍ਹਾਂ ਦਾ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪੀ.ਪੀ.1 ਸ਼ਾਖਾ) ਦੇ ਪੱਤਰ ਨੰ 4/40/13-3ਪੀ.ਪੀ.1/855 ਮਿਤੀ 10.10.2014 ਅਨੁਸਾਰ, ਇਸ ਦਫਤਰ ਵੱਲੋਂ ਜਾਰੀ ਡਰਾਫਟ ਸੀਨੀਆਰਤਾ ਸੂਚੀਆਂ (ਭਾਗ 1 ਤੋਂ 5) ਵਿੱਚ ਦਰਜ ਨੰਬਰ ਨਾਲ ਕੋਈ ਇਤਰਾਜ ਹੈ ਤਾਂ ਉਹ ਆਪਣਾ ਇਤਰਾਜ ਮਿਤੀ 24.01.2024 ਤੱਕ ਮੁੱਖ ਦਫਤਰ ਨਿਰਧਾਰਿਤ ਨੱਥੀ ਪ੍ਰੋਫਾਰਮੇ ਤੇ, ਇਤਰਾਜ਼ਾਂ ਦੇ ਪੱਖ ਵਿੱਚ ਮੁਕੰਮਲ ਦਸਤਾਵੇਜ਼ੀ ਸਬੂਤਾਂ ਦੇ ਦਿੰਦੇ ਹੋਏ ਰਜਿਸਟਰਡ ਡਾਕ ਰਾਹੀਂ ਹੇਠ ਲਿਖੇ ਪਤੇ ਤੇ ਭੇਜੇ ਜਾ ਸਕਦੇ ਹਨ।

**<u>Through Registered Post</u>**

**<u>Objection regarding Promoted Master Cadre Seniority Number</u>**

Assistant Director Promotion Cell
O/o Director School Education (Secondary)
4th Floor Block-E Complex Punjab School Education Board, Sector 62, Mohali
Pin code:- 160062

ਜੇਕਰ ਕਿਸੇ ਅਧਿਆਪਕ/ਅਧਿਕਾਰੀ/ਰਿਟਾਇਰੀ ਨੂੰ ਪ੍ਰੋਫਾਰਮੇ ਅਨੁਸਾਰ ਆਪਣਾ ਪੱਖ ਅਧੂਰਾ ਜਾਪਦਾ ਹੈ ਤਾਂ ਉਹ ਲਿਖਤ ਰੂਪ ਵਿੱਚ ਬਿਨੈ ਪੱਤਰ ਪ੍ਰੋਫਾਰਮਾ ਨਾਲ ਨੱਥੀ ਕਰ ਸਕਦੇ ਹਨ। ਉਕਤ ਮਿਤੀ ਉਪਰੰਤ ਪ੍ਰਾਪਤ ਕਿਸੇ ਇਤਰਾਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਦਫਤਰ ਵਿੱਚ ਨਿੱਜੀ ਪੱਧਰ ਤੇ ਜਾਂ ਸ਼ਾਖਾ ਦੀ ਈਮੇਲ ਤੇ ਭੇਜਿਆ ਇਤਰਾਜ਼ ਡੀਲ ਨਹੀਂ ਕੀਤਾ ਜਾਵੇਗਾ।

4.0 ਵਿਭਾਗ ਵੱਲੋਂ ਵੱਖ ਵੱਖ ਸਮੇਂ ਤੇ ਵੈਬਸਾਈਟ ਤੇ www.ssapunjab.org ਤੇ ਅਪਲੋਡ ਕੀਤੀਆਂ ਡਰਾਫਟ ਸੀਨੀਆਰਤਾ ਸੂਚੀਆਂ ਨੂੰ ਕਿਸੇ ਵੀ ਤਰ੍ਹਾਂ ਅੰਤਿਮ ਰੂਪ ਨਾ ਮੰਨਿਆ ਜਾਵੇ।

ਨੋਟ ਉਕਤ ਅਨੁਸਾਰ ਸਬੰਧਤ ਕਰਮਚਾਰੀ ਦਾ ਸੀਨੀਆਰਤਾ ਸਬੰਧੀ ਇਤਰਾਜ ਪ੍ਰੋਫਾਰਮੇ ਨਾਲ ਨੱਥੀ ਹੋਣ ਵਾਲੇ ਦਸਤਾਵੇਜਾਂ ਦੇ ਅਧਾਰ ਤੇ ਹੀ ਵਿਚਾਰਿਆ ਜਾਵੇਗਾ।

ਨੱਥੀ / ਪ੍ਰੋਫਾਰਮਾ

ਸਹਾਇਕ ਡਾਇਰੈਕਟਰ ਪ੍ਰਮੋਸ਼ਨ ਸੈਲ
ਵਾ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।

Scanned with CamScanner

| ਸਬੰਧਤ ਕਰਮਚਾਰੀ ਦੇ ਵੇਰਵੇ | | | | | | | | ਜਿਸ ਕਰਮਚਾਰੀ ਨਾਲ ਮਿਲਾਨ ਕਰਨ ਸਬੰਧੀ ਇਤਰਾਜ ਹੈ। | | | | | | | |
|---|---|---|---|---|---|---|---|---|---|---|---|---|---|---|---|
| ਡਰਾਫਟ ਸੀਨੀਆਰਤਾ ਨੰ | ਕਰਮਚਾਰੀ ਦਾ ਨਾਮ | ਤਰੱਕੀ ਤੋਂ ਪਹਿਲਾ ਕਾਡਰ (Feeder Cadre) | | | | | | ਡਰਾਫਟ ਸੀਨੀਆਰਤਾ ਨੰ | ਕਰਮਚਾਰੀ ਦਾ ਨਾਮ | ਤਰੱਕੀ ਤੋਂ ਪਹਿਲਾ ਕਾਡਰ (Feeder Cadre) | | | | | |
| | | (Primary/ Non-Teaching/ OCT | Date of Appointment | Date of Joining | Merit | Category | Date of Promotion as Master Cadre | | | (Primary/ Non-Teaching/ OCT | Date of Appointment | Date of Joining | Merit | Category | Date of Promotion as Master Cadre |
| | | | | | | | | | | | | | | | |

ਨੋਟ - ਸਬੰਧਤ ਕਰਮਚਾਰੀ ਦਾ ਸੀਨੀਆਰਤਾ ਸਬੰਧੀ ਇਤਰਾਜ ਪ੍ਰੋਫਾਰਮੇ ਨਾਲ ਨੱਥੀ ਹੋਣ ਵਾਲੇ ਦਸਤਾਵੇਜ਼ਾਂ ਦੇ ਅਧਾਰ ਤੇ ਹੀ ਵਿਚਾਰਿਆ ਜਾਵੇਗਾ।

ਦਸਤਾਵੇਜ ਨੱਥੀ

1. ਤਰੱਕੀ ਦੇ ਹੁਕਮਾਂ ਦੀ ਕਾਪੀ। ( complete Copy )
2. ਇਤਰਾਜ ਦਾ ਸਬੂਤ
3. ਕੋਈ ਹੋਰ ਸਬੰਧਤ ਦਸਤਾਵੇਜ

Scanned with CamScanner